# ਦੂਜਾ ਭਾਉ

## ਭਾਗ-1

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ-463)

ਏਕਸੁ ਤੇ ਸਭੁ ਦੂਜਾ ਹੂਆ ॥
ਏਕੋ ਵਰਤੈ ਅਵਰੁ ਨ ਬੀਆ ॥ (ਪੰਨਾ-742)

ਦੂਜਾ ਭਾਉ ਰਚਾਇਓਨੁ ਤ੍ਰੈਗੁਣ ਵਰਤਾਰਾ ॥....
ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥ (ਪੰਨਾ-948)

ਉਪਰਲੀਆਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਾਹਿਰ ਹੈ ਕਿ ਕਾਇਨਾਤ ਵਿਚ ਦੋ ਮੰਡਲ ਹਨ

1. ਇਲਾਹੀ ਪ੍ਰਕਾ ਵਾਲਾ **ਆਤਮਿਕ ਮੰਡਲ।**

2. ਹਉਮੈ ਵੇੜ੍ਹਿਆ **ਮਾਇਕੀ ਮੰਡਲ,** ਜਿਸ ਨੂੰ ਦੂਜਾ ਭਾਉ ਜਾਂ ਦੂਜਾ ਦੋਇ ਵੀ ਕਿਹਾ ਜਾਂਦਾ ਹੈ।

ਦੂਜੇ ਲਫ ਾਂ ਵਿਚ **ਦੂਜੇ ਭਾਉ ਵਾਲੀ ਦੁਯੀ ਕੁਦਰਤਿ** ਦੀ ਪ੍ਰਵਿਰਤੀ ਸਿਰਫ ਤ੍ਰੈਗੁਣੀ ਮਾਇਕੀ ਮੰਡਲ ਤਾਈਂ ਸੀਮਿਤ ਹੈ।

ਜਿਵੇਂ ਹਨੇਰ ਵਿਚ ਅਸੀਂ ਠੋਕਰਾਂ ਖਾਂਦੇ ਤੇ ਦੁਖ-ਕਲੇ ਭੋਗਦੇ ਹਾਂ, ਇਸੇ ਤਰ੍ਹਾਂ ਆਤਮ-ਪ੍ਰਕਾ ਦੇ ਤੱਤ-ਗਿਆਨ ਤੋਂ **ਬਗੈਰ** ਮਾਇਕੀ ਅਗਿਆਨਤਾ ਦੇ ਭਰਮ-ਭੁਲਾਵੇ ਵਿਚ, ਜੀਵ

ਹਉਮੈ
ਮੈਂ-ਮੇਰੀ
ਈਰਖਾ-ਦਵੈਤ
ਵੈਰ-ਵਿਰੋਧ

ਖ਼ੁਦਗਰ ੀ

ਖਿੱਚੋਤਾਣ

ਆਦਿ ਅਨੇਕਾਂ ਮਾਇਕੀ ਔਗੁਣਾਂ ਵਿਚ ਗਲਤਾਨ ਹੋਇਆ ਰਹਿੰਦਾ ਹੈ।

ਅਕਾਲ-ਪੁਰਖ ਸੱਚ ਹੈ, ਉਸ ਵਿਚੋਂ ਉਪਜਿਆ ਪ੍ਕਾ ਅਥਵਾ ਨਾਮ ਵੀ ਸੱਚ ਹੈ, ਅਟੱਲ ਹੈ। ਇਸ **ਆਤਮ-ਪ੍ਕਾ ਅਥਵਾ ਨਾਮ ਦੇ ਇਲਾਵਾ ਬਾਕੀ ਸਭ ਕੁਝ ਦੂਜਾ-ਭਾਉ , ਭਰਮ-ਭੁਲਾਵਾ ਅਥਵਾ ਮਾਇਆ ਹੀ ਹੈ,** ਜਿਸ ਵਿਚ ਸਾਰਾ ਸੰਸਾਰ ਪ੍ਵਿਰਤ ਹੈ।

ਅਕਾਲ-ਪੁਰਖ ਦੇ ਨਾਮ ਦੀ **ਅਣਹੋਂਦ** ਹੀ ਮਾਇਆ ਦਾ ਹਨੇਰ ਜਾਂ **ਦੂਜਾ-ਭਾਉ ਹੈ।**

ਹਨੇਰੇ ਦੀ ਆਪਣੀ ਕੋਈ **ਹਸਤੀ ਨਹੀਂ ਹੈ।**

ਰੌ ਨੀ ਦੀ **ਅਣਹੋਂਦ** ਨੂੰ ਹੀ **ਹਨੇਰਾ** ਕਿਹਾ ਜਾਂਦਾ ਹੈ।

ਇਸੇ ਤਰ੍ਹਾਂ **ਦੂਜੇ ਭਾਉ** ਦੀ ਵੀ **ਕੋਈ ਹਸਤੀ ਨਹੀਂ।**

**ਅਕਾਲ ਪੁਰਖ ਦੀ ਭੁੱਲ** ਤੋਂ ਹੀ **ਦੂਜੇ ਭਾਉ ਦਾ ਵਜੂਦ** ਉਪਜਦਾ ਹੈ।

ਜਦ ਅਸੀਂ ਪਰਮੇ ਰ ਨੂੰ **ਭੁੱਲ ਜਾਂਦੇ ਹਾਂ** ਤਾਂ ਸਾਨੂੰ ਆਪਣੀ ਅੱਡਰੀ ਹਸਤੀ ਦਾ ਅਹਿਸਾਸ ਹੁੰਦਾ ਹੈ। ਇਸੇ **ਅੱਡਰੀ ਹਸਤੀ ਦੇ ਅਹਿਸਾਸ** ਜਾਂ ਮੈਂ-ਮੇਰੀ ਦੇ ਭਰਮ ਨੂੰ ਹੀ

**ਦੂਜਾ-ਭਾਉ**

ਕਿਹਾ ਗਿਆ ਹੈ।

ਜਿਸ ਤਰ੍ਹਾਂ ਚਾਨਣ ਤੇ ਹਨੇਰ ਇਕ ਦੂਜੇ ਦੇ ਉਲਟ ਹਨ, ਅਤੇ ਇਕੱਠੇ ਨਹੀਂ ਹੋ ਸਕਦੇ, ਇਸੇ ਤਰ੍ਹਾਂ ਇਲਾਹੀ ਪ੍ਕਾ ਅਤੇ ਮਾਇਆ ਦਾ ਹਨੇਰ ਜਾਂ ਦੂਜਾ-ਭਾਉ ਇਕ ਦੂਸਰੇ ਦੇ ਬਿਲਕੁਲ ਉਲਟ ਹਨ, ਮੁਤ ਾਦ ਹਨ। ਦੂਜੇ ਲਫ ਾਂ ਵਿਚ ਜਦ **ਤੂੰ-ਤੇਰੀ ਦਾ ਅਹਿਸਾਸ** ਖਤਮ ਹੁੰਦਾ ਹੈ ਤਾਂ **ਮੈਂ-ਮੇਰੀ ਦਾ ਹਨੇਰ**_ਰੂ ਹੋ ਜਾਂਦਾ ਹੈ। ਇਸ ਤਰ੍ਹਾਂ ਇਸ **ਦੂਜੇ ਭਾਉ** ਵਾਲੀ **ਦੁਯੀ ਕੁਦਰਤਿ** ਦੀ ਪ੍ਵਿਰਤੀ ਸਿਰਫ ਤ੍ਰੈ-ਗੁਣੀ ਮਾਇਕੀ-ਮੰਡਲ ਦੇ **ਭਰਮ ਤੱਕ ਹੀ ਸੀਮਿਤ ਹੈ**

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ (ਪੰਨਾ-657)

ਇਸ ਤਰ੍ਹਾਂ

ਮਾਇਆ ਦੇ **ਭਰਮ ਭੁਲਾਵੇ**

**ਮਾਇਕੀ ਅਗਿਆਨਤਾ ਦੇ** ਹਨੇਰ

**ਮੈਂ-ਮੇਰੀ ਦੇ ਅਹਿਸਾਸ**

ਤੇ **ਅੱਡਰੀ ਹਸਤੀ ਦੇ ਭਰਮ**

ਨੂੰ ਹੀ ਦੂਜਾ ਭਾਉ, ਦੂਜਾ ਦੋਇ ਜਾਂ ਦੁਤੀਆ-ਭਾਵ ਆਦਿ ਦਾ ਨਾਮ ਦਿੱਤਾ ਗਿਆ ਹੈ।

ਇਸ **ਦੂਜੇ-ਭਾਉ** ਵਿਚ ਹੀ ਜੀਵ ਜਨਮ-ਜਨਮਾਂਤਰਾਂ ਤੋਂ ਕਰਮ ਕਰਦਾ ਤੇ ਉਨ੍ਹਾਂ ਦੇ ਨਤੀਜੇ ਭੁਗਤਦਾ ਆਇਆ ਹੈ

ਭਰਮੇ ਆਵੈ ਭਰਮੇ ਜਾਇ ॥
ਇਹੁ ਜਗੁ ਜਨਮਿਆ ਦੂਜੈ ਭਾਇ ॥ (ਪੰਨਾ-161)

ਮਨਮੁਖੁ ਅੰਧਾ ਦੂਜੈ ਭਾਇ ॥
ਜਮ ਦਰਿ ਬਾਧਾ ਚੋਟਾ ਖਾਇ ॥ (ਪੰਨਾ-841)

**ਇਹ ਦੂਜਾ ਭਾਉ ਪੈਦਾ ਕਿਵੇਂ ਹੁੰਦਾ ਹੈ?**

ਅਸਲ ਵਿਚ ਮਾਇਆ ਦੀ ਰਚਨਾ ਦੇ ਨਾਲ ਹੀ **ਮੈਂ-ਮੇਰੀ** ਜਾਂ **ਆਪਣੇ-ਪਰਾਏ ਦੀ ਭਾਵਨਾ** ਪੈਦਾ ਹੋਈ, ਜਿਸ ਤੋਂ **ਦੂਜਾ-ਭਾਉ** ਹੋਂਦ ਵਿਚ ਆਇਆ

ਏਹ ਮਾਇਆ ਜਿਤੁ **ਹਰਿ ਵਿਸਰੈ**
ਮੋਹੁ ਉਪਜੈ **ਭਾਉ ਦੂਜਾ ਲਾਇਆ ॥** (ਪੰਨਾ-921)

ਇਸ ਤਰ੍ਹਾਂ **ਦੂਜਾ-ਭਾਉ** ਅਨੇਕ ਜਨਮਾਂ ਤੋਂ ਸਾਡੇ ਦਿਲੋ-ਦਿਮਾਗ ਤੇ ਅੰਤਿ ਕਰਨ ਵਿਚ ਧਸ-ਵਸ-ਰਸ ਸਮਾ ਚੁੱਕਿਆ ਹੈ।

ਆਤਮਿਕ ਪ੍ਰਕਾ -ਮੰਡਲ ਅਥਵਾ **ਸੱਚਖੰਡ** ਵਿਚ ਅਕਾਲ-ਪੁਰਖ ਆਪਣੇ ਪਿਆਰੇ ਸੰਤਾਂ, ਭਗਤਾਂ, ਗੁਰਮੁਖ-ਜਨਾਂ ਨਾਲ ਲਾਡ ਲਡਾਉਂਦਾ ਤੇ ਖੇਲ੍ਹ-ਖਿਲਾਉਂਦਾ ਹੈ।

ਪਰ **ਮਾਇਕੀ ਮੰਡਲ** ਵਿਚ ਇਨਸਾਨ ਨੂੰ ਸੰਸਾਰ ਵਿਚ ਵਿਚਰਦਿਆਂ
ਮਾਇਆ ਵਿਚ ਲਿਪਾਏਮਾਨ ਹੋਣਾ ਪੈਂਦਾ ਹੈ
ਉਸ ਅਨੁਸਾਰ ਕਰਮ ਕਰਨੇ ਪੈਂਦੇ ਹਨ
ਦੁਖ-ਸੁਖ ਭੋਗਣੇ ਪੈਂਦੇ ਹਨ।

ਇਸ ਤਰ੍ਹਾਂ ਤ੍ਰੈਗੁਣੀ ਮਾਇਕੀ ਮੰਡਲ ਵਿਚ ਅਸੀਂ **ਦੂਜੇ-ਭਾਉ** ਵਾਲਾ ਜੀਵਨ ਜੀਊਂਦੇ ਤੇ ਉਸਦੇ ਨਤੀਜੇ ਭੋਗਦੇ ਹਾਂ

ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥ (ਪੰਨਾ-593)

ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥ (ਪੰਨਾ–1066)

ਬਿਨੁ ਨਾਵੈ ਸਭ ਦੁਖੁ ਸੰਸਾਰਾ ॥
ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥ (ਪੰਨਾ–1062)

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ (ਪੰਨਾ–67)

ਭਾਵੇਂ ਅਸੀਂ ਗੁਰਬਾਣੀ ਵਿਚ

ਦੂਜੇ ਦੋਇ

ਦੂਜਾ–ਭਾਉ

ਦੁਯੀ ਕੁਦਰਤਿ

ਦੁਬਿਧਾ

ਦੁਤੀਆ–ਭਾਵ

ਆਦਿ ਦੀ ਬਾਬਤ ਅਨੇਕਾਂ ਵਾਰੀ ਪੜ੍ਹਿਆ, ਲਿਖਿਆ, ਵਿਚਾਰਿਆ ਹੋਵੇਗਾ, ਪਰ ਇਨ੍ਹਾਂ ਲਫ ਾਂ ਦੇ **ਤੱਤ–ਭੇਦ** ਨੂੰ

ਜਾਨਣ

ਬੁੱਝਣ

ਸਮਝਣ

ਵਿਚਾਰਨ

ਅਨੁਭਵ ਕਰਨ

ਦੀ ਕਦੇ ਲੋੜ ਹੀ ਨਹੀਂ ਭਾਸੀ!

ਅਸੀਂ ਆਪੋ ਆਪਣੇ ਦਿਮਾਗੀ ਗਿਆਨ ਨਾਲ ਹੀ ਇਨ੍ਹਾਂ ਦੇ ਅਰਥ ਤੇ ਕਥਾ–ਵਾਰਤਾ ਕਰਕੇ ਸੰਤੁ ਟ ਹੋਏ ਫਿਰਦੇ ਹਾਂ!!

ਇਨ੍ਹਾਂ ਅੱਖਰਾਂ ਦੇ ਪਿਛੇ ਅਸਲੀ **ਅਨੁਭਵੀ ਤੱਤ–ਗਿਆਨ** ਤੋਂ ਅਸੀਂ ਬਿਲਕੁਲ

ਬੇ ਬਰ

ਅਗਿਆਨੀ

ਅਨਜਾਣ

ਭਰਮ–ਭੁਲਾਵੇ

ਵਿਚ ਹਾਂ, ਜਿਸ ਕਰਕੇ ਅਸੀਂ ਗੁਰਬਾਣੀ ਦੇ

ਸਹੀ

ਅੰਤ੍ਰੀਵ

ਅਨੁਭਵੀ

ਤੱਤ-ਗਿਆਨ ਤੋਂ ਵਾਂਝੇ ਰਹਿੰਦੇ ਹਾਂ

ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥ (ਪੰਨਾ-593)

ਸਾਡੇ ਜੀਵਨ ਦੇ ਹਰ ਪੱਖ, ਅਰਥਾਤ ਸਾਡੇ

ਖਿਆਲ

ਸੋਚਣੀ

ਕਲਪਨਾ

ਸਿਆਣਪਾਂ

ਵਿਦਿਆ

ਗਿਆਨ

ਵਿਗਿਆਨ

ਫਿਲਾਸਫੀ

ਨਿਸਚੇ

ਕਰਮ-ਧਰਮ

ਆਦਿ, ਸਭ ਉਤੇ **ਦੂਜੇ ਭਾਉ** ਦੀ **ਰੰਗਤ** ਚੜ੍ਹੀ ਹੋਈ ਹੈ।

ਪਰ ਅਤਿਅੰਤ ਹੈਰਾਨੀ ਦੀ ਗੱਲ ਹੈ ਕਿ ਕੋਈ ਵੀ ਜੀਵ **ਇਹ ਮੰਨਣ ਨੂੰ ਤਿਆਰ ਨਹੀਂ** ਕਿ ਉਹ **ਦੂਜੇ-ਭਾਉ ਵਿਚ ਵਿਚਰ** ਰਿਹਾ ਹੈ। ਹਾਲਾਂ ਕਿ ਅਸੀਂ ਦਿਨ-ਰਾਤ, ਨਿਮਖ-ਨਿਮਖ **ਮਾਇਆ ਦੇ ਭਰਮ-ਭੁਲਾਵੇ** ਅਥਵਾ **ਦੂਜੇ ਦੋਇ** ਵਿਚ ਹੀ

ਜੰਮਦੇ

ਜੀਂਦੇ-ਥੀਂਦੇ

ਕਰਮ ਕਰਦੇ

ਤੇ ਮਰਦੇ

ਹਾਂ।

ਜੀਵ ਆਪਣੀ ਅੱਡਰੀ ਹਸਤੀ ਅਥਵਾ **ਮੈਂ-ਮੇਰੀ** ਵਿਚ ਇਤਨਾ ਗਲਤਾਨ ਅਤੇ ਸੰਤੁ ਟ ਹੈ ਕਿ ਉਸਨੂੰ ਇਸ ਕੂੜੇ ਮਾਇਆ-ਜਾਲ ਅਥਵਾ **ਦੂਜੇ-ਭਾਇ ਤੋਂ ਇਲਾਵਾ**

**ਕਿਸੇ ਹੋਰ ਉਚੇਰੇ, ਸੁਚੇਰੇ, ਸੁਹਣੇਰੇ ਆਤਮ-ਮੰਡਲ ਦਾ ਖਿਆਲ ਹੀ ਨਹੀਂ ਆਉਂਦਾ,** ਨਾ ਹੀ ਲੋੜ ਭਾਸਦੀ ਹੈ।

ਜਿਸ ਤਰ੍ਹਾਂ ਲੱਕੜ ਦੀ ਅਗਨੀ ਰਾਹੀਂ ਧੂੰਏ ਦੀ ਕਾਲਖ ਪ੍ਰਗਟ ਹੁੰਦੀ ਹੈ, ਇਸੇ ਤਰ੍ਹਾਂ ਸਾਡੇ ਜੀਵਨ ਦੇ ਹਰ ਪੱਖ ਦੁਆਰਾ **ਦੂਜਾ-ਭਾਉ ਅਥਵਾ ਮੈਂ-ਮੇਰੀ** ਦੀ ਛਾਇਆ ਪ੍ਰਗਟ ਪਹਾਰੇ ਜਾਪਦੀ ਹੈ। ਪਰ ਜੀਵ ਨੂੰ ਇਸਦੀ **ਸੋਝੀ ਹੀ ਨਹੀਂ,** ਨਾ ਹੀ ਉਹ ਇਸਨੂੰ ਮੰਨਣ ਲਈ ਤਿਆਰ ਹੈ।

ਗੁਰਬਾਣੀ ਸਾਡੀ ਇਸ ਅਵਸਥਾ ਬਾਰੇ ਇਉਂ ਚਾਨਣਾ ਪਾਉਂਦੀ ਹੈ

ਨਾਨਕ ਸਚਾ ਏਕੁ ਹੈ ਦੂਹੁ ਵਿਚਿ ਹੈ ਸੰਸਾਰੁ ॥ (ਪੰਨਾ-950)

ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥
ਬਿਨੁ ਬੂਝੇ ਸਭ ਭਾਉ ਹੈ ਦੂਜਾ ॥ (ਪੰਨਾ-841)

ਸਾਡੇ ਸਾਹਮਣੇ ਸਾਰੀਆਂ ਦ੍ਰਿਸ਼ਟਮਾਨ ਚੀਜ਼ਾਂ ਬਦਲਦੀਆਂ ਅਤੇ ਨਾਸ ਹੁੰਦੀਆਂ ਰਹਿੰਦੀਆਂ ਹਨ

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥ (ਪੰਨਾ-219)

ਇਹ ਸਮੁੱਚਾ ਸੰਸਾਰ ਵੀ ਕਈ ਵੇਰ ਬਣਿਆ ਅਤੇ ਨਾਸ ਹੋਇਆ ਹੈ

ਕਈ ਬਾਰ ਪਸਰਿਓ ਪਾਸਾਰ ॥
ਸਦਾ ਸਦਾ ਇਕੁ ਏਕੰਕਾਰ ॥ (ਪੰਨਾ-276)

ਇਸੇ ਲਈ ਗੁਰਬਾਣੀ ਵਿਚ ਇਸ ਸੰਸਾਰ ਨੂੰ

ਚਲਾਏਮਾਨ
ਨਾਸਵੰਤ
ਝੂਠਾ
ਕੂੜਾ
ਬਿਰਖ ਕੀ ਛਾਇਆ
ਸਹਸਾ-ਰੂਪ
ਧੂੰਏ ਕਾ ਪਹਾੜ
ਭਰਮਗੜ

ਆਦਿ ਕਹਿ ਕੇ ਬਿਆਨਿਆ ਗਿਆ ਹੈ

ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥ (ਪੰਨਾ-138)

ਇਹੁ ਸੰਸਾਰੁ ਸਭ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥ (ਪੰ.-607)

ਇਹੁ ਜਗੁ ਧੂਏ ਕਾ ਪਹਾਰ ॥
ਤੈ ਸਾਚਾ ਮਾਨਿਆ ਕਿਹ ਬਿਚਾਰਿ ॥ (ਪੰਨਾ-1186-87)

ਪਰ ਧੁਰ ਕੀ ਬਾਣੀ ਦੇ ਇਨ੍ਹਾਂ ਉਪਦੇ ਾਂ ਨੂੰ

ਪੜ੍ਹਕੇ
ਸੁਣਕੇ
ਸਮਝਕੇ
ਵਿਚਾਰਕੇ
ਗਿਆਨ ਘੋਟਕੇ

ਵੀ ਸਾਡਾ ਮਨ ਇਸ **ਝੂਠੇ ਸੰਸਾਰ ਨੂੰ ਹੀ ਸੱਚ ਮੰਨੀ ਬੈਠਾ ਹੈ।** ਸਾਡੇ

ਪਰਿਵਾਰਿਕ ਜੀਵਨ
ਭਾਈਚਾਰਕ ਜੀਵਨ
ਵਿਵਹਾਰਿਕ ਜੀਵਨ
ਰਾਜਨੀਤਿਕ ਜੀਵਨ
ਧਾਰਮਿਕ ਜੀਵਨ
ਸਮਾਜਿਕ ਜੀਵਨ
ਸਾਡੀ ਸਭਿਅਤਾ

ਇਥੋਂ ਤਕ ਕਿ ਸਮੁੱਚੀ ਮਨੁੱਖਤਾ ਨੂੰ ਵੀ **ਇਸੇ ਦੂਜੇ ਭਾਉ ਦੀ ਰੰਗਤ** ਜਾਂ **ਪਿਉਂਦ** ਚੜ੍ਹੀ ਹੋਈ ਹੈ।

ਮਨੁਖਤਾ ਦੀ ਇਹ ਨਵੀਨ ਸਭਿਅਤਾ (**modern civilization**) ਆਪਣੇ ਸਿਖਰ ਤੇ ਪਹੁੰਚ ਚੁਕੀ ਹੈ, ਜਿਸਦਾ ਸਾਨੂੰ ਅਤਿ ਮਾਣ ਹੈ। ਪਰ ਇਸ ਸਭਿਅਤਾ ਦੀਆਂ ਮਾਨਸਿਕ ਤੇ ਵਿਗਿਆਨਿਕ ਪ੍ਰਾਪਤੀਆਂ ਸਾਡੀ **ਅੱਡਰੀ ਹੋਂਦ** ਤੇ **ਮੈਂ-ਮੇਰੀ** ਅਥਵਾ **ਦੂਜੇ ਭਾਉ ਦੇ ਦਾਇਰੇ ਅੰਦਰ** ਹੀ ਪ੍ਰਵੇ , ਪ੍ਰਵਿਰਤ ਤੇ ਸੀਮਿਤ ਹਨ ਇਨ੍ਹਾਂ ਦਾ ਆਤਮਿਕ ਮੰਡਲ ਨਾਲ **ਕੋਈ ਸਬੰਧ** ਨਹੀਂ।

ਇਸਦਾ ਪ੍ਰਤੱਖ ਸਬੂਤ ਇਹ ਹੈ ਕਿ ਜਿਉਂ-ਜਿਉਂ ਸਾਡੀ ਸਭਿਅਤਾ ਵਿਕਸਿਤ ਹੋ ਕੇ ਨਵੀਨ ਹੁੰਦੀ ਜਾਂਦੀ ਹੈ, ਤਿਉਂ-ਤਿਉਂ ਸਾਡਾ ਸਦਾਚਾਰ ਅਤੇ ਮਨੁੱਖਤਾ **ਨਿਘਰਦੀ** ਜਾਂਦੀ ਹੈ ਅਤੇ ਮਨੁੱਖੀ ਦੈਵੀ, ਆਤਮਿਕ ਕਦਰਾਂ-ਕੀਮਤਾਂ ਘਟਦੀਆਂ ਜਾਂਦੀਆਂ ਹਨ। ਇਸੇ ਕਾਰਣ ਸੰਸਾਰ ਵਿਚ

ਈਰਖਾ-ਦਵੈਤ
ਖੁਦਗਰ ੀ

ਬੇਈਮਾਨੀ

ਵੈਰ-ਵਿਰੋਧ

ਵਿ ੇ-ਵਿਕਾਰ

ਚੋਰ-ਬ ਾਰੀ

ਖੋਹਾ-ਖਾਹੀ

ਧੋਖੇਬਾ ੀ ੁਲਮ-ਜਬਰ

**ਆਦਿ ਔਗੁਣ ਵਧਦੇ ਜਾਂਦੇ ਹਨ।**

ਇਸ ਨਵੀਨ ਸਭਿਅਤਾ ਦੀ **ਆਧੁਨਿਕਤਾ** ਦੁਆਰਾ ਮਨੁਖੀ ਹਿਰਦਿਆਂ ਅੰਦਰ

ਦਇਆ

ਖਿਮਾ

ਸੇਵਾ

ਪਰਉਪਕਾਰ

ਮਿਲਵਰਤਣ

ਇਮਾਨਦਾਰੀ

ਵਿ ਵਾਸ

ਪ੍ਰੇਮ-ਪਿਆਰ

ਆਸਤਿਕਤਾ

**ਆਦਿ ਦੈਵੀ ਗੁਣਾਂ ਦਾ ਵਾਧਾ ਹੋਣਾ ਚਾਹੀਦਾ ਸੀ,** ਪਰ ਬੜੀ ਹੈਰਾਨੀ ਤੇ ਅਫਸੋਸ ਦੀ ਗੱਲ ਹੈ ਕਿ ਇਸਦੇ **ਐਨ ਉਲਟ** ਸਾਡੀ ਨਵੀਨ ਸਭਿਅਤਾ ਦੀ ਰੌ ਨੀ ਨਾਲ ਮਨੁੱਖਤਾ ਪਿਛਲੇ ਮਾਨੇ ਨਾਲੋਂ ਵੀ

ੱਕੀ

ਖੁਦਗਰ

ਵਿ ਵਾਸਘਾਤੀ

ਅ ਰਧਰਕ

ਝੂਠੀ

ਨਾਸਤਿਕ

ਵਿਕਾਰੀ

ਹੋ ਰਹੀ ਹੈ।

ਇਸ ਤਰ੍ਹਾਂ ਵਿ ਵ ਵਿਚ

ਅ ਾਂਤੀ

ਡਰ

ਖਿਚੋਤਾਣ

ਹੇਰਾਫੇਰੀ

ਬੇਈਮਾਨੀ

ਵੱਢੀਖੋਰੀ

ਖੋਹਾਖਾਹੀ

ਸਮਗਲਿੰਗ

ਅਤਿਆਚਾਰ

ਅਨੈਤਿਕਤਾ **(sex violence)**

ਆਦਿ ਨੀਵੇਂ ਔਗੁਣ ਵਧਦੇ ਜਾ ਰਹੇ ਹਨ। ਸਾਡੇ ਧਰਮਾਂ ਅਥਵਾ ਧਰਮ-ਪ੍ਰਚਾਰ ਦੇ ਅਨੇਕ ਸਾਧਨਾਂ ਤੇ ਉਪਦੇ ਾਂ ਦੇ **ਬਾਵਜੂਦ** ਸਾਡੇ ਜੀਵਨ ਵਿਚ ਕੋਈ ਸਾਰਥਿਕ ਤਬਦੀਲੀ ਨਹੀਂ ਆਉਂਦੀ।

ਜੀਵ ਦੇ ਸੁਧਾਰ ਲਈ ਬੇਅੰਤ

ਸੁਧਾਰ-ਸੰਸਥਾਵਾਂ

ਸਭਾ-ਸੁਸਾਇਟੀਆਂ

ਸਟੱਡੀ-ਸਰਕਲ

ਧਾਰਮਿਕ-ਪੁਸਤਕਾਂ

ਲਾਇਬਰੇਰੀਆਂ

ਭਾਈਚਾਰਕ ਸੰਮੇਲਨ

ਅਮਨ ਕਮੇਟੀਆਂ

ਧਾਰਮਿਕ ਸਮਾਗਮ

ਯੂ. ਐਨ. ਓ. (U.N.O.)

ਯੂਨੈਸਕੋ (UNESCO)

ਵਰਗੀਆਂ ਅਨੇਕਾਂ ਮਹੱਤਵਪੂਰਣ ਸੁਧਾਰਕ ਸੰਸਥਾਵਾਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਉਤੇ ਬੇਅੰਤ ਖਰਚਾ, ਮਿਹਨਤ ਅਤੇ ਵਕਤ ਲਗਦਾ ਹੈ। ਪਰ ਦੇਖਣ ਵਿਚ ਆਉਂਦਾ ਹੈ ਕਿ ਇਨ੍ਹਾਂ ਸੰਸਥਾਵਾਂ ਤੇ ਸੰਪਰਦਾਵਾਂ ਦਾ **ਮਾਨਵਤਾ ਉਤੇ ਬਹੁਤ ਘੱਟ ਜਾਂ ਆਰ ੀ**

**ਜਿਹਾ ਅਸਰ ਹੁੰਦਾ ਹੈ ਤੇ ਸੰਸਾਰ ਦੀ ਸਮੁੱਚੀ ਮਾਨਸਿਕ ਤੇ ਧਾਰਮਿਕ ਹਾਲਤ ਨਿਘਰਦੀ ਜਾਂਦੀ ਹੈ।**

ਜੀਵ ਦੀ ਇਸ ਗੰਭੀਰ ਤੇ ਭਿਆਨਕ ਅਵਸਥਾ ਦਾ ਮੂਲ ਕਾਰਣ ਇਹ ਹੈ ਕਿ ਅਸੀਂ **ਦੂਜੇ ਭਾਉ ਵਿਚ ਵਿਚਰਦੇ ਹਾਂ।** ਸਾਡੀ ਇਸ ਦ ਾ ਨੂੰ ਗੁਰਬਾਣੀ ਇਉਂ ਬਿਆਨ ਕਰਦੀ ਹੈ

ਭਾਦੁਇ ਭਰਮਿ ਭੁਲਾਣੀਆ **ਦੂਜੈ ਲਗਾ ਹੇਤੁ ॥**
ਲਖ ਸੀਗਾਰ ਬਣਾਇਆ **ਕਾਰਜਿ ਨਾਹੀ ਕੇਤੁ ॥** (ਪੰਨਾ-134)

**ਭੂਲਿਓ ਮਨੁ ਮਾਇਆ ਉਰਝਾਇਓ ॥**
**ਜੋ ਜੋ ਕਰਮ ਕੀਓ ਲਾਲਚ ਲਗਿ**
**ਤਿਹ ਤਿਹ ਆਪੁ ਬੰਧਾਇਓ ॥** (ਪੰਨਾ-702)

ਹਉਮੈ ਵਿਚਿ ਸਭੁ ਜਗੁ ਬਉਰਾਨਾ ॥
**ਦੂਜੈ ਭਾਇ ਭਰਮਿ ਭੁਲਾਨਾ ॥** (ਪੰਨਾ-159)

ਹਉਮੈ ਮਮਤਾ ਬਹੁ ਮੋਹੁ ਵਧਾਇਆ ॥
ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥ (ਪੰਨਾ-1261)

ਅਸੀਂ ਦੂਜੇ ਭਾਉ ਵਾਲੇ ਮਾਇਕੀ ਵਡ-ਖੇਲ-ਤਮਾ ੇ ਵਿਚ ਇਤਨੇ ਖਚਤ, ਗਲਤਾਨ ਅਥਵਾ ਗੁਆਚੇ ਹੋਏ ਹਾਂ ਕਿ ਇਸ ਮਾਇਕੀ-ਤਮਾ ੇ ਨੂੰ ਹੀ ਆਪਣਾ

ਜੀਵਨ-ਉਦੇ
ਜੀਵਨ-ਮਨੋਰਥ
ਜੀਵਨ-ਸੇਧ
ਜੀਵਨ-ਮੰ ਿਲ

ਸਮਝੀ ਬੈਠੇ ਹਾਂ।

ਇਸ ਤਰ੍ਹਾਂ ਮਾਇਕੀ ਭਰਮ-ਭੁਲਾਵੇ ਵਿਚ ਅਸੀਂ ਇਸ **ਆਤਮਿਕ ਭੇਦ** ਨੂੰ ਭੁੱਲ ਜਾਂਦੇ ਹਾਂ ਕਿ ਅਸੀਂ ਅਕਾਲ ਪੁਰਖ ਦੇ ਆਤਮਿਕ-ਖਿਡਾਰੀ ਅਥਵਾ ਏਜੰਟ **(agent)** ਹਾਂ ਅਤੇ ਇਸ ਤ੍ਰੈ-ਗੁਣੀ ਮਾਇਕੀ ਮੰਡਲ ਵਿਚ ਵਿਚਰਨ ਤੋਂ ਇਲਾਵਾ ਸਾਡਾ ਕੋਈ ਹੋਰ ਵੀ

ਉਚੇਰਾ
ਸੁਚੇਰਾ
ਸੁਹਣੇਰਾ
ਚੰਗੇਰਾ

ਸੁਖਦਾਈ

ਰਸਦਾਇਕ

ਪ੍ਰੇਮ-ਮਈ

ਜੀਵਨ ਮਨੋਰਥ, ਜੀਵਨ-ਸੇਧ ਤੇ ਜੀਵਨ ਮੰਜ਼ਿਲ ਹੈ।

ਜਨਮ-ਜਨਮਾਤਰਾਂ ਤੋਂ ਜੀਵ **ਦੂਜੇ ਦੋਇ** ਅਥਵਾ **ਦੂਜੇ ਭਾਉ** ਦਾ ਅਭਿਆਸ ਕਰਦਾ ਆਇਆ ਹੈ। ਇਸ ਕਾਰਣ ਉਸਦੇ ਜੀਵਨ ਦੇ ਹਰ ਪੱਖ ਅਥਵਾ ਉਸਦੀ

ਸੋਚਣੀ

ਖਿਆਲ

ਵਿਚਾਰ

ਵਲਵਲਿਆਂ

ਭਾਵਨਾਵਾਂ

ਵਿਸ਼ਵਾਸ

ਕਰਮ-ਧਰਮ

ਪਿਆਰ

ਘਿਰਣਾ

ਪਰਮਾਰਥ

ਆਦਿ ਦੇ ਅੰਤ੍ਰਗਤ ਦੂਜੇ ਭਾਉ ਦੀ ਰੰਗਣ ਚੜ੍ਹੀ ਹੋਈ ਹੈ

ਏਹੁ ਸਰੀਰੁ ਸਭ ਮੂਲੁ ਹੈ ਮਾਇਆ ॥
**ਦੂਜੇ ਭਾਇ ਭਰਮਿ ਭੁਲਾਇਆ ॥** (ਪੰਨਾ-1065)

ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥
**ਦੂਜੇ ਭਾਇ ਬਿਰਥਾ ਜਨਮੁ ਗਵਾਏ ॥** (ਪੰਨਾ-124)

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਬਾਵਜਦੂ ਇਤਨੇ ਧਰਮਾਂ, ਧਰਮ-ਗ੍ਰੰਥਾਂ, ਧਰਮ-ਪ੍ਰਚਾਰ ਦੇ ਧਾਰਮਿਕ ਉਪਦੇਸ਼ਾਂ ਦੇ **ਜੀਵ** ਇਸ **ਦੂਜੇ ਦੋਇ ਦੇ ਭਰਮ ਵਿਚੋਂ ਨਿਕਲਣ ਲਈ ਤਿਆਰ ਨਹੀਂ।**

ਅਵਲ ਤਾਂ ਅਸੀਂ ਧਾਰਮਿਕ ਉਪਦੇਸ਼ਾਂ ਨੂੰ ਧਿਆਨ ਨਾਲ ਸੁਣਦੇ ਹੀ ਨਹੀਂ, ਤੇ ਜੇ ਸੁਣਦੇ ਹਾਂ ਤਾਂ **ਓਪਰੇ ਜਿਹੇ ਮਨ ਨਾਲ ਹਾਮੀ ਭਰ ਛੱਡਦੇ ਹਾਂ**

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥ (ਪੰਨਾ-632)

ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥
(ਪੰਨਾ–685)

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
(ਪੰਨਾ–919)

ਅਸਲ ਵਿਚ ਜਦ ਤਾਂਈਂ ਜੀਵ ਨੂੰ **ਮਾਇਆ ਦੇ ਭਰਮ–ਭੁਲਾਵੇ** ਅਥਵਾ **ਦੂਜੇ ਭਾਉ** ਦਾ ਅਨੁਭਵ ਨਹੀਂ ਹੁੰਦਾ, ਤਦ ਤਾਂਈ ਇਸ ਤੋਂ **ਛੁਟਕਾਰਾ ਨਹੀਂ ਪਾਇਆ ਜਾ ਸਕਦਾ।**

ਜਿਉਂ–ਜਿਉਂ ਅਸੀਂ ਹਉਮੈ ਅਧੀਨ **ਦੂਜੇ ਭਾਉ** ਦਾ ਆਪਣੇ ਰੋ ਾਨਾ ਜੀਵਨ ਵਿਚ ਅਭਿਆਸ ਕਰਦੇ ਹਾਂ, ਤਿਉਂ–ਤਿਉਂ ਅਧਿਆਤਮਿਕ–ਪੰਧ ਤੋਂ ਦੂਰ ਹੁੰਦੇ ਜਾਂਦੇ ਹਾਂ ਅਤੇ ਸਾਡਾ ਜੀਵਨ ਦੁਖਦਾਈ ਤੇ ਘਿਰਣਤ ਹੁੰਦਾ ਜਾਂਦਾ ਹੈ

ਮਨਮੁਖ ਮਾਇਆ ਮੋਹਿ ਵਿਆਪੇ
ਦੂਜੇ ਭਾਇ ਮਨੂਆ ਥਿਰੁ ਨਾਹਿ ॥ (ਪੰਨਾ–652)

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥
ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ (ਪੰਨਾ–755)

ਇਹੁ ਮਨੁ ਜਲਿਆ ਦੂਜੈ ਦੋਇ ॥ (ਪੰਨਾ–1176)

ਆਮ ਜਨਤਾ ਤਾਂ ਗੁਰਬਾਣੀ ਦਾ ਪਾਠ, ਕਥਾਵਾਰਤਾ ਆਦਿ ਕਰਕੇ ਹੀ ਸੰਤੁ ਟ ਹੈ, ਕਿਉਂਕਿ ਉਨ੍ਹਾਂ ਦਾ ਨਿਸਚਾ ਹੈ ਕਿ ਗੁਰਬਾਣੀ ਦੇ ਡੂੰਘੇ, ਅਨੁਭਵੀ ਗਿਆਨ ਨੂੰ ਵਿਚਾਰਨਾ **ਗਿਆਨੀਆਂ ਤੇ ਵਿਦਵਾਨਾਂ ਦਾ ਕੰਮ ਹੈ।** ਅਸੀਂ ਅਖਾਉਤੀ ਗਿਆਨੀ ਵੀ ਗੁਰਬਾਣੀ ਦਾ ਓਪਰਾ ਜਿਹਾ **ਦਿਮਾਗੀ ਗਿਆਨ ਘੋਟ ਕੇ** ਭੋਲੀ–ਭਾਲੀ ਜਨਤਾ ਨੂੰ ਪਰਚਾ ਛੱਡਦੇ ਹਾਂ।

ਇਸ ਤਰ੍ਹਾਂ **ਦੂਜੇ ਭਾਉ** ਦੇ ਅਧੀਨ ਅਸੀਂ ਗੁਰਬਾਣੀ ਦੇ ਸਹੀ

ਅੰਤ੍ਰੀਵ–ਤੱਤ
ਅਨੁਭਵੀ ਗਿਆਨ
ਆਤਮਿਕ ਜੀਵ–ਸੇਧ
ਨਿਜੀ ਆਤਮਿਕ–ਵਿਰਸੇ

ਆਦਿ ਤੋਂ **ਵਾਂਝੇ ਰਹਿੰਦੇ ਹਾਂ।**

(ਚਲਦਾ.......)